# ਤੇਰੇ ਮੰਦਿਰ ਮੈਨੁ ਲੈ ਆਯਾ

( ਤੂੰ ਮਲਿਕ ਏ, ਤਿੰਨ ਲੋਕ ਦੀ,
ਤੇਰੀ ਮੁੱਠੀ ਵਿੱਚ ਸੰਸਾਰ।
ਓੰਨੇ ਤਾਰੇ, ਨਹੀਂਓਂ ਗਗਨ ਤੇ,
ਜਿੰਨੇ ਜੱਗ ਤੇ, ਤੇਰੇ ਉਪਕਾਰ।
ਤੇਰੇ ਹੁੰਦਿਆਂ, ਫਿਰ ਕਿਓਂ ਫੱਸ ਗਿਆ,,, ਮਾਂ,
ਏਹ ਬੇੜਾ ਮੇਰਾ ਮੰਝਧਾਰ।
*ਏਹੋ ਪੁੱਛਣ ਨੂੰ, ਮਹਾਂ ਰਾਣੀਏ,
ਮੈਂ ਆਇਆ, ਤੇਰੇ ਦਰਬਾਰ,,,, ਮਾਂ ॥,
ਮੈਂ ਆਇਆ, ਤੇਰੇ ਦਰਬਾਰ,,,,। )

*ਜਿਸ ਵੇਲੇ, ਦਮ ਹੀ ਨਿਕਲ ਗਿਆ।
ਮੇਰੀ ਕੀਤੀ, ਹਰ ਤਦਵੀਰ ਦਾ।
ਤੇਰੇ ਮੰਦਿਰ ਮੈਨੂੰ ਲੈ ਆਇਆ,
ਮਾਂ ਰਸਤਾ ਮੇਰੀ ਤਕਦੀਰ ਦਾ ॥
*ਜਦੋ ਹੱਥ ਕਿਸੇ ਨੇ, ਨਾ ਫੜ੍ਹਿਆ।
ਇਸ ਦਰ ਦਰ, ਰੁਲ਼ਦੇ ਫ਼ਕੀਰ ਦਾ।
ਤੇਰੇ ਮੰਦਿਰ ਮੈਨੂੰ ਲੈ ਆਇਆ,
ਮਾਂ ਰਸਤਾ ਮੇਰੀ ਤਕਦੀਰ ਦਾ ॥

ਮੈਂ ਵਕਤ ਦੀ, ਚੱਕੀ ਵਿੱਚ ਪਿੱਸ ਕੇ* ।
ਜਦੋ ਪਰਖਿਆ, ਹਰ ਇੱਕ ਰਿਸ਼ਤਾ ਮਾਂ* ।
^ਉਹ ਬਣਕੇ ਦਰਿੰਦਾ, ਪੇਸ਼ ਆਇਆ,
"ਜਿਹਨੂੰ ਸਮਝਿਆ ਸੀ ਮੈਂ, ਫਰਿਸ਼ਤਾ ਮਾਂ" ।
ਦਰਦ ਸਹਿਣਾ, ਮੁਸ਼ਕਿਲ ਜਦੋਂ ਹੋਇਆ।
ਦੁੱਖਾਂ ਦੇ, ਚੁੱਭਦੇ ਤੀਰ ਦਾ।
ਤੇਰੇ ਮੰਦਿਰ ਮੈਨੂੰ ਲੈ ਆਇਆ,
ਮਾਂ ਰਸਤਾ ਮੇਰੀ ਤਕਦੀਰ ਦਾ ॥

ਏਹ ਦੁਨੀਆਂ ਏ, ਮੰਡੀ ਗਰਜ਼ਾਂ ਦੀ* ।
ਬੇਗਰਜ਼, ਕਿਸੇ ਦਾ ਪਿਆਰ ਨਹੀਂ* ।
^ਏਥੇ ਨਿਕਲ ਹੈ ਜਾਂਦਾ, ਜਦੋਂ ਮਤਲਬ,
"ਕੋਈ ਮੀਤ ਨਹੀਂ, ਕੋਈ ਯਾਰ ਨਹੀਂ" ।
ਜਦੋ ਅਸਰ ਕਿਸੇ ਤੇ, ਨਾ ਹੋਇਆ।
ਅੱਖੀਆਂ 'ਚੋਂ, ਵੱਗਦੇ ਨੀਰ ਦਾ।
ਤੇਰੇ ਮੰਦਿਰ ਮੈਨੂੰ ਲੈ ਆਇਆ,
ਮਾਂ ਰਸਤਾ ਮੇਰੀ ਤਕਦੀਰ ਦਾ ॥

ਮਾਂ ਖੰਭ ਜਿਹਨਾਂ ਦੇ, ਟੁੱਟ ਗਏ* ।
ਕਿਵੇਂ ਪੰਛੀ, ਲਾਉਣ ਉਡਾਰੀਆਂ* ।
^ਨਿਰਦੋਸ਼ ਮਾਂ ਮੂੰਹ, ਓਹ ਵੀ ਫ਼ੇਰ ਗਏ,
"ਮੈਂ ਜਿਹਨਾਂ ਨੂੰ, ਵਾਜ਼ਾਂ ਮਾਰੀਆਂ" ।
ਜਦੋਂ ਹਰ ਇੱਕ ਰੰਗ ਮੈਂ, ਵੇਖ ਲਿਆ।

ਇਸ ਦੁਨੀਆਂ ਦੀ, ਤਸਵੀਰ ਦਾ।
ਤੇਰੇ ਮੰਦਿਰ ਮੈਨੂੰ ਲੈ ਆਇਆ,
ਮਾਂ ਰਸਤਾ ਮੇਰੀ ਤਕਦੀਰ ਦਾ ॥
ਏਹ ਰਸਤਾ ਮੇਰੀ ਤਕਦੀਰ ਦਾ ॥॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/25437/title/tere-mandir-mainu-lai-aaya

अपने Android मोबाइल पर BhajanGanga App डाउनलोड करें और भजनों का आनंद ले |